## ਅਧਿਆਇ 27

# ਦੋ ਕਹਾਣੀਆਂ: ਮਿਲਖ ਅਤੇ ਆਗੂ

ਗਿਣਤੀ 27-30 ਵਿਚ ਦਿੱਤੀਆਂ ਗਈਆਂ ਬਿਧੀਆਂ ਦਾ ਅਰਥ ਸੀ ਕਿ ਇਸਰਾਏਲ ਕਨਾਨ ਉੱਤੇ ਕਬਜ਼ਾ ਕਰੇਗਾ ਅਤੇ ਉੱਥੇ ਖੁਸ਼ਹਾਲ ਹੋਵੇਗਾ। ਉਸ ਸਫ਼ਰ ਦੇ ਪੂਰਾ ਹੋਣ ਦੇ ਲਈ ਜੋ ਚਾਲੀ ਵਰਹੇ ਪਹਿਲਾਂ ਸ਼ੁਰੂ ਹੋਇਆ ਸੀ ਜ਼ਰੂਰੀ ਸੀ ਕਿ ਧਰਤੀ ਦੀ ਵੰਡ ਦਾ ਪ੍ਰਬੰਧ ਕਰਨ ਦੇ ਲਈ ਮਿਲਖ ਦੀਆਂ ਬਿਧੀਆਂ ਸਥਾਪਤ ਕੀਤੀਆਂ ਜਾਂਦੀਆਂ। ਦੇਸ ਦੀ ਹੋਣ ਵਾਲੀ ਜਿੱਤ ਦੇ ਲਈ ਇਹ ਆਗਿਆ-ਪੱਤਰ ਵੀ ਦਿੱਤਾ ਗਿਆ ਸੀ ਕਿ ਮੂਸਾ ਦੇ ਲਈ ਵਾਰਸ ਚੁਣਿਆ ਜਾਵੇ, ਕਿਉਂਕਿ ਉਹ ਉਸ ਦੇ ਪਾਪ ਦੇ ਕਾਰਣ ਕਨਾਨ ਵਿਚ ਦਾਖ਼ਲ ਨਹੀਂ ਸੀ ਹੋ ਸਕਦਾ।

ਇਹ ਅਧਿਆਇ ਇਸ ਗੱਲ ਤੇ ਕੇਂਦਰਿਤ ਹੈ ਕਿ ਇਹ ਦੋ ਲੋੜਾਂ ਕਿਵੇਂ ਪੂਰੀਆਂ ਕੀਤੀਆਂ ਗਈਆਂ ਸਨ। ਪਹਿਲੀ ਗੱਲ, ਇਹ ਇਸ ਸਵਾਲ ਦਾ ਉੱਤਰ ਦਿੰਦਾ ਹੈ ਕਿ ਇਕ ਧੀ ਆਪਣੇ ਪਿਤਾ ਦੀ ਜਾਇਦਾਦ ਦੀ ਵਾਰਸ ਹੋ ਸਕਦੀ ਸੀ ਜਾਂ ਨਹੀਂ ਜੇਕਰ ਉਸ ਦੇ ਕੋਈ ਪੁੱਤਰ ਨਹੀਂ ਸੀ ਹੁੰਦੇ। ਸਲਾਫ਼ਹਾਦ ਦੀਆਂ ਧੀਆਂ ਨੇ ਕਨਾਨ ਵਿਚ ਮਿਲਖ ਲੈਣ ਦੀ ਮੰਗ ਕੀਤੀ ਸੀ ਅਤੇ ਪਰਮੇਸ਼ੁਰ ਨੇ ਆਪਣਾ ਉੱਤਰ ਦਿੱਤਾ (27:1-11)। ਦੂਜੀ ਗੱਲ, ਇਹ ਦੱਸਦਾ ਹੈ ਕਿ ਕਿਵੇਂ ਮੂਸਾ ਨੇ ਵਾਅਦੇ ਦੀ ਧਰਤੀ ਨੂੰ ਵੇਖਿਆ ਸੀ ਪਰ ਇਸ ਵਿਚ ਦਾਖ਼ਲ ਹੋਣ ਤੋਂ ਬਿਨ੍ਹਾਂ ਮਰ ਗਿਆ ਅਤੇ ਕਿਵੇਂ ਪਰਮੇਸ਼ੁਰ ਨੇ ਪਰਜਾ ਨੂੰ ਉਸ ਦੇਸ ਵਿਚ ਲੈ ਕੇ ਜਾਣ ਦੇ ਲਈ ਯਹੋਸ਼ੁਆ ਨੂੰ ਨਿਯੁਕਤ ਕੀਤਾ ਸੀ (27:12-23)।

## ਮਿਲਖ ਦੀ ਬਿਧੀ (27:1-11)

**[1]ਯੂਸੁਫ਼ ਦੇ ਪੁੱਤ੍ਰ ਮਨੱਸ਼ਹ ਦੇ ਟੱਬਰਾਂ ਵਿੱਚੋਂ ਸਲਾਫ਼ਹਾਦ ਜਿਹੜਾ ਹੇਫ਼ਰ ਦਾ ਪੁੱਤ੍ਰ
ਗਿਲਆਦ ਦਾ ਪੋਤਾ ਮਕੀਰ ਦਾ ਪੜੋਤਾ ਅਤੇ ਮਨੱਸ਼ਹ ਦੀ ਅੰਸ ਤੋਂ ਸੀ ਉਸ ਦੀਆਂ ਧੀਆਂ
ਆਈਆਂ ਜਿਨ੍ਹਾਂ ਦੇ ਨਾਉਂ ਮਹਲਾਹ, ਨੋਆਹ, ਹਾਗਲਾਹ, ਮਿਲਕਾਹ ਅਤੇ ਤਿਰਸਾਹ ਸਨ।
[2]ਅਤੇ ਮੂਸਾ ਦੇ ਅੱਗੇ, ਅਲਆਜ਼ਾਰ ਜਾਜਕ ਦੇ ਅੱਗੇ ਅਤੇ ਪਰਧਾਨਾਂ ਅਤੇ ਸਾਰੀ ਮੰਡਲੀ ਦੇ
ਅੱਗੇ ਮੰਡਲੀ ਦੇ ਤੰਬੂ ਦੇ ਦਰਵੱਜੇ ਵਿੱਚ ਖਲੋ ਕੇ ਆਖਿਆ, [3]ਸਾਡਾ ਪਿਤਾ ਉਜਾੜ ਵਿੱਚ ਮਰ
ਗਿਆ ਪਰ ਉਹ ਉਸ ਟੋਲੀ ਵਿੱਚੋਂ ਨਹੀਂ ਸੀ ਜਿਹੜੇ ਕੋਰਹ ਦੀ ਮੰਡਲੀ ਨਾਲ ਰਲ ਕੇ
ਯਹੋਵਾਹ ਦੇ ਵਿਰੁੱਧ ਆਕੀ ਹੋ ਗਏ ਸਨ। ਉਹ ਤਾਂ ਆਪਣੇ ਹੀ ਪਾਪ ਨਾਲ ਮਰਿਆ ਅਤੇ
ਉਸ ਦੇ ਪੁੱਤ੍ਰ ਨਹੀਂ ਸਨ। [4]ਸਾਡੇ ਪਿਤਾ ਦਾ ਨਾਉਂ ਉਸ ਦੇ ਟੱਬਰ ਵਿੱਚੋਂ ਪੁੱਤ੍ਰ ਨਾ ਹੋਣ ਦੇ
ਕਾਰਨ ਕਿਉਂ ਮਿਟਾਇਆ ਜਾਵੇ? ਸਾਨੂੰ ਵੀ ਸਾਡੇ ਪਿਤਾ ਦੇ ਭਰਾਵਾਂ ਨਾਲ ਮਿਲਖ ਦਿਓ।
[5]ਤਾਂ ਮੂਸਾ ਉਨ੍ਹਾਂ ਦੇ ਨਿਆਉਂ ਨੂੰ ਯਹੋਵਾਹ ਅੱਗੇ ਲੈ ਗਿਆ। [6]ਤਾਂ ਯਹੋਵਾਹ ਮੂਸਾ ਨੂੰ ਬੋਲਿਆ,
[7]ਸਲਾਫ਼ਹਾਦ ਦੀਆਂ ਧੀਆਂ ਠੀਕ ਬੋਲਦੀਆਂ ਹਨ, ਉਨ੍ਹਾਂ ਨੂੰ ਉਨ੍ਹਾਂ ਦੇ ਪਿਤਾ ਦੇ ਭਰਾਵਾਂ
ਨਾਲ ਜਰੂਰ ਮਿਲਕੱਯਤ ਦੇਹ ਅਰਥਾਤ ਉਨ੍ਹਾਂ ਤੀਕ ਉਨ੍ਹਾਂ ਦੇ ਪਿਤਾ ਦੀ ਮਿਲਖ ਪਹੁੰਚਾ
ਦੇਹ। [8]ਤੂੰ ਇਸਰਾਏਲੀਆਂ ਨੂੰ ਬੋਲ ਕਿ ਜੋ ਕੋਈ ਮਨੁੱਖ ਮਰ ਜਾਵੇ ਅਤੇ ਉਸ ਦਾ ਪੁੱਤ੍ਰ ਨਾ**

**ਹੋਵੇ ਤਾਂ ਉਸ ਦੀ ਮਿਲਖ ਉਸ ਦੀ ਧੀ ਤੀਕ ਪਹੁੰਚਾਓ। 9ਜੇ ਉਸ ਦੀ ਧੀ ਨਾ ਹੋਵੇ ਤਾਂ ਤੁਸੀਂ ਉਸ ਦੀ ਮਿਲਖ ਉਸ ਦੇ ਭਰਾਵਾਂ ਨੂੰ ਦਿਓ। 10ਜੇ ਉਸ ਦਾ ਭਰਾ ਨਾ ਹੋਵੇ ਤਾਂ ਤੁਸੀਂ ਉਸ ਦੀ ਮਿਲਖ ਉਸ ਦੇ ਪਿਤਾ ਦੇ ਭਰਾਵਾਂ ਨੂੰ ਦਿਓ। 11ਅਤੇ ਜੇ ਉਸ ਦੇ ਪਿਤਾ ਦੇ ਭਰਾ ਨਾ ਹੋਣ ਤਾਂ ਤੁਸੀਂ ਉਸ ਦੀ ਮਿਲਖ ਉਸ ਦੇ ਨੇੜਦਾਰਾਂ ਨੂੰ ਜਿਹੜੇ ਉਸ ਦੇ ਟੱਬਰ ਦੇ ਹੋਣ ਦਿਓ ਅਤੇ ਓਹ ਆਪਣੇ ਕਬਜ਼ੇ ਵਿੱਚ ਲੈਣ ਅਤੇ ਏਹ ਇਸਰਾਏਲੀਆਂ ਲਈ ਨਿਆਉਂ ਦੀ ਬਿਧੀ ਹੋਵੇ ਜਿਵੇਂ ਯਹੋਵਾਹ ਨੇ ਮੂਸਾ ਨੂੰ ਹੁਕਮ ਦਿੱਤਾ ਸੀ।**

**ਆਇਤਾਂ 1-3. ਸਲਾਫ਼ਹਾਦ** ਦੀਆਂ ਪੰਜ ਧੀਆਂ - **ਮਹਲਾਹ, ਨੋਆਹ, ਹਾਗਲਾਹ, ਮਿਲਕਾਹ ਅਤੇ ਤਿਰਸਾਹ** - ਇਕ ਸਮੱਸਿਆ ਨੂੰ ਲੈ ਕੇ ਮੂਸਾ (ਅਤੇ ਇਸਰਾਏਲ ਦੇ ਹੋਰ **ਪਰਧਾਨਾਂ ਅਤੇ ਸਾਰੀ ਮੰਡਲੀ**) ਦੇ ਕੋਲ ਗਈਆਂ। ਉਹ **ਮੰਡਲੀ ਦੇ ਤੰਬੂ ਦੇ ਦਰਵੱਜੇ ਵਿੱਚ ਖਲੋ** ਗਈਆਂ, ਜੋ ਕਿ ਇਕੱਠੇ ਹੋਣ ਦੀ ਇਕ ਆਮ ਜਗ੍ਹਾ ਸੀ (10:3; 12:5; 16:18, 19, 50; 20:6)। ਇੱਥੇ ਉਨ੍ਹਾਂ ਨੇ ਆਪਣੇ ਹਾਲਾਤ ਦੱਸੇ: ਉਨ੍ਹਾਂ ਦਾ **ਪਿਤਾ ਉਜਾੜ ਵਿੱਚ ਮਰ ਗਿਆ** [ਸੀ], **ਪਰ ਉਹ ਉਸ ਟੋਲੀ ਵਿੱਚੋਂ ਨਹੀਂ ਸੀ ਜਿਹੜੇ ਕੋਰਹ ਦੀ ਮੰਡਲੀ ਨਾਲ ਰਲ ਕੇ ਯਹੋਵਾਹ ਦੇ ਵਿਰੁੱਧ ਆਕੀ ਹੋ ਗਏ ਸਨ**। ਟੀ. ਕਾਰਸਨ ਦਾ ਮੰਨਣਾ ਸੀ ਕਿ ਧੀਆਂ ਇਹ ਕਹਿ ਰਹੀਆਂ ਸਨ ਕਿ ਕਿਉਂਕਿ ਉਨ੍ਹਾਂ ਦਾ ਪਿਤਾ ਕੋਰਹ ਦੇ ਵਿਦਰੋਹ ਵਿਚ ਸ਼ਾਮਲ ਨਹੀਂ ਸੀ, "ਇਸ ਦਾ ਕੋਈ ਕਾਰਣ ਹੀ ਨਹੀਂ ਸੀ ਕਿ ਪਰਮੇਸ਼ੁਰ ਉਸ ਦੀ ਸੰਤਾਨ ਨਾਲ ਕਿਸੇ ਵੀ ਤਰੀਕੇ ਨਾਰਾਜ਼ ਹੋਵੇ (ਤੁਲਨਾ ਕਰੋ 16:32, 33; ਕੂਚ 20:5)।"[1]

ਉਨ੍ਹਾਂ ਨੇ ਅੱਗੇ ਇਹ ਦੱਸਿਆ ਕਿ **ਉਹ ਤਾਂ ਆਪਣੇ ਹੀ ਪਾਪ ਨਾਲ ਮਰਿਆ ਅਤੇ ਉਸ ਦੇ ਪੁੱਤ੍ਰ ਨਹੀਂ ਸਨ**। ਉਹ ਉਸ ਪੀੜ੍ਹੀ ਦਾ ਹਿੱਸਾ ਸੀ ਜਿਨ੍ਹਾਂ ਨੇ ਕਨਾਨ ਵਿਚ ਦਾਖਲ ਹੋਣ ਤੋਂ ਇਨਕਾਰ ਕਰ ਦਿੱਤਾ ਸੀ ਜਦੋਂ ਉਨ੍ਹਾਂ ਨੇ ਖੋਜ ਕੱਢਣ ਵਾਲਿਆਂ ਦੀ ਰਪੋਟ ਸੁਣੀ (ਅਧਿਆਇ 13; 14)। ਉਹ ਪਾਪ ਦਾ ਦੋਸ਼ੀ ਸੀ, ਪਰ ਖੁੱਲ੍ਹੇ ਵਿਦਰੋਹ ਦਾ ਨਹੀਂ। ਇਨ੍ਹਾਂ ਸ਼ਬਦਾਂ ਦਾ ਅਰਥ ਇਹ ਹੋ ਸਕਦਾ ਹੈ ਕਿ ਜੇਕਰ ਉਹ ਕੋਰਹ ਦੀ ਮੰਡਲੀ ਦਾ ਹਿੱਸਾ ਹੁੰਦਾ, ਤਾਂ ਉਸ ਨੇ ਧਰਤੀ ਦੇ ਲਈ ਆਪਣੇ ਹੱਕ ਨੂੰ ਗੁਆ ਦੇਣਾ ਸੀ (1 ਰਾਜਿਆਂ 21:1-16 ਨਾਬੋਥ ਦੇ ਅੰਗੂਰੀ ਬਾਗ ਦੀ ਘਟਨਾ ਨਾਲ ਤੁਲਨਾ ਕਰੋ)।

**ਆਇਤ 4.** ਜੇਕਰ ਸਲਾਫ਼ਹਾਦ ਦੀਆਂ ਧੀਆਂ ਉਸ ਧਰਤੀ ਦੀਆਂ ਵਾਰਸ ਨਹੀਂ ਸੀ ਬਣ ਸਕਦੀਆਂ ਜਿਹੜੀ ਉਨ੍ਹਾਂ ਦੇ **ਪਿਤਾ** ਨੂੰ ਮਿਲਣੀ ਸੀ, ਤਾਂ ਉਸ ਦਾ ਨਾਮ **ਉਸ ਦੇ ਟੱਬਰ ਵਿੱਚੋਂ ਪੁੱਤ੍ਰ ਨਾ ਹੋਣ ਦੇ ਕਾਰਨ ਮਿਟਾਇਆ** ਜਾਣਾ ਸੀ। ਇਸ ਲਈ, ਉਨ੍ਹਾਂ ਨੇ ਆਖਿਆ ਕਿ ਉਹ, ਉਨ੍ਹਾਂ ਦੇ **ਪਿਤਾ ਦੇ ਭਰਾਵਾਂ** ਦੇ ਨਾਲ, **ਮਿਲਖ** - ਧਰਤੀ ਦਾ ਉਹ ਹਿੱਸਾ ਜਿਹੜਾ ਉਨ੍ਹਾਂ ਦੇ ਪਿਤਾ ਦੇ ਹਿੱਸੇ ਆਉਣਾ ਸੀ - ਲੈ ਸਕਦੀਆਂ ਹਨ। ਇਹ ਧੀਆਂ ਉਸ ਧਰਤੀ ਦੇ ਬਾਰੇ ਕਿਉਂ ਚਿੰਤਤ ਸਨ ਜਿਸ ਨੂੰ ਇਸਰਾਏਲੀਆਂ ਨੇ ਹਾਲੇ ਤੱਕ ਨਾ ਤਾਂ ਜਿੱਤਿਆ ਸੀ ਨਾ ਹੀ ਉਸ ਤੇ ਕਬਜ਼ਾ ਕੀਤਾ ਸੀ? ਇਕ ਉੱਤਰ ਇਹ ਟਿੱਪਣੀ ਕਰਨਾ ਹੈ ਕਿ ਉਹ ਮਨੱਸ਼ਹ ਦਾ ਹਿੱਸਾ ਸਨ ਅਤੇ ਅੱਧਾ ਗੋਤ ਉਸ ਧਰਤੀ ਤੇ ਯਰਦਨ ਦੇ ਚੜ੍ਹਦੇ ਪਾਸੇ ਪਹਿਲਾਂ ਹੀ ਵੱਸ ਚੁੱਕਾ ਸੀ ਜੋ ਪਹਿਲਾਂ ਹੀ ਜਿੱਤੀ ਜਾ ਚੁੱਕੀ ਸੀ ਜਿਸ ਸਮੇਂ ਇਹ ਧੀਆਂ ਮੂਸਾ ਦੇ ਕੋਲ ਆਈਆਂ। ਪਰ, ਬੰਦ ਦੇ ਸ਼ਬਦ ਇਹ ਦੱਸਦੇ ਪ੍ਰਤੀਤ ਹੁੰਦੇ ਹਨ ਕਿ ਧੀਆਂ ਭਵਿੱਖ ਵਿਚ ਉਸ ਧਰਤੀ ਦੀ ਵੰਡ ਦੀ ਉਡੀਕ ਕਰ ਰਹੀਆਂ ਸਨ। ਉਹ ਇਹ ਨਿਸ਼ਚਤ ਕਰਨਾ ਚਾਹੁੰਦੀਆਂ ਸਨ ਕਿ ਜਦੋਂ ਗੋਤਾਂ ਵਿਚ ਧਰਤੀ ਵੰਡੀ ਜਾਵੇ,[2] ਉਨ੍ਹਾਂ ਦਾ ਪਿਤਾ ਸਿਰਫ ਕਿਤੇ ਇਸ ਗੱਲ ਤੋਂ ਰਹਿ ਨਾ ਜਾਵੇ ਕਿਉਂਕਿ ਉਸ ਦੇ "ਪੁੱਤ੍ਰ ਨਹੀਂ ਸਨ।"

**ਆਇਤਾਂ 5-7. ਮੂਸਾ** ਇਨ੍ਹਾਂ ਔਰਤਾਂ ਨਾਲ ਬੜੀ ਇੱਜ਼ਤ ਨਾਲ ਪੇਸ਼ ਆਇਆ ਅਤੇ ਉਸ

ਨੇ ਉਨ੍ਹਾਂ ਦੀਆਂ ਗੱਲਾਂ ਨੂੰ ਬੜੇ ਧਿਆਨ ਨਾਲ ਸੁਣਿਆ। ਉਸ ਨੂੰ ਯਹੋਵਾਹ ਦੀ ਵੱਲੋਂ ਪਹਿਲਾਂ ਇਸ ਦੇ ਸੰਬੰਧ ਵਿਚ ਕੋਈ ਬਿਧੀ ਨਹੀਂ ਸੀ ਮਿਲੀ, ਇਸ ਲਈ ਉਹ **ਉਨ੍ਹਾਂ ਦੇ ਨਿਆਉਂ ਨੂੰ ਯਹੋਵਾਹ ਅੱਗੇ ਲੈ ਆਇਆ**। ਪਰਮੇਸ਼ੁਰ ਧੀਆਂ ਦੀ ਬੇਨਤੀ ਨਾਲ ਸਹਿਮਤ ਹੋ ਗਿਆ। ਮੂਸਾ ਨੂੰ ਦੱਸਿਆ ਗਿਆ ਕਿ ਉਹ ਜੋ ਬੋਲਦੀਆਂ ਹਨ ਸਹੀ ਹੈ। ਇਸ ਲਈ, ਮੂਸਾ ਨੂੰ **ਉਨ੍ਹਾਂ ਨੂੰ ਉਨ੍ਹਾਂ ਦੇ ਪਿਤਾ ਦੇ ਭਰਾਵਾਂ ਨਾਲ ਮਿਲਕੱਯਤ ਦੇਣ** ਦੀ ਹਦਾਇਤ ਦਿੱਤੀ ਗਈ, ਕਿਉਂਕਿ ਉਨ੍ਹਾਂ ਨੂੰ **ਉਨ੍ਹਾਂ ਦੇ ਪਿਤਾ ਦੇ ਪਿਤਾ ਦੀ ਮਿਲਖ** ਮਿਲਣੀ ਸੀ।

ਧੀਆਂ ਦੁਆਰਾ ਕੀਤੀ ਗਈ ਇਸ ਬੇਨਤੀ ਦੇ ਪ੍ਰਤੀ ਪਰਮੇਸ਼ੁਰ ਦਾ ਜਵਾਬ ਅਨਾਥਾਂ ਅਤੇ ਵਿਧਵਾਵਾਂ ਵਰਗੇ ਬੇਸਹਾਰਿਆਂ ਦੇ ਲਈ ਉਸ ਦੀ ਚਿੰਤਾ ਦਾ ਇਕ ਹੋਰ ਉਦਾਹਰਣ ਹੈ। ਪਰਮੇਸ਼ੁਰ ਨੇ ਨਿਸ਼ਚਤ ਕੀਤਾ ਕਿ ਇਨ੍ਹਾਂ ਪੰਜ ਔਰਤਾਂ - ਅਤੇ ਉਨ੍ਹਾਂ ਵਰਗੀਆਂ ਕਈ ਹੋਰ - ਦੀਆਂ ਜਰੂਰਤਾਂ ਪੂਰੀਆਂ ਕੀਤੀਆਂ ਜਾਣ। ਬੇਸ਼ੱਕ, ਉਨ੍ਹਾਂ ਔਰਤਾਂ ਨੂੰ ਆਪਣੇ ਆਪ ਦੀ ਸਹਾਇਤਾ ਕਰਨ ਦੇ ਲਈ ਆਪਣੀ ਜ਼ਿੰਮੇਵਾਰੀ ਨਿਭਾਉਂਦੇ ਹੋਏ ਉਸ ਜ਼ਮੀਨ ਤੇ ਆਪਣੀ ਵਾਹੀ ਕਰਨੀ ਪੈਣੀ ਸੀ।[3]

**ਆਇਤਾਂ 8-11.** ਪਰਮੇਸ਼ੁਰ ਨੇ ਅੱਗੇ ਮੂਸਾ ਨੂੰ ਬਿਧੀ ਵਿਚ ਕੀਤੀਆਂ ਗਈਆਂ ਕੁਝ ਸੋਧਾਂ ਨੂੰ ਸਮਝਾਉਣ ਦੀ ਹਦਾਇਤ ਦਿੱਤੀ। ਬਿਧੀਆਂ ਜੋ ਦਿੱਤੀਆਂ ਗਈਆਂ ਉਨ੍ਹਾਂ ਵਿਚ ਇਹ ਦੱਸਿਆ ਗਿਆ ਸੀ ਕਿ ਮਰਦ ਦੀ ਜਾਇਦਾਦ ਕਿਸ ਨੂੰ ਮਿਲਣੀ ਸੀ:

1. ਜੇਕਰ ਉਸ ਦਾ ਕੋਈ ਪੁੱਤਰ ਸੀ (ਜਾਂ ਪੁੱਤਰ ਸਨ), ਉਸ ਦੀ ਜ਼ਮੀਨ ਉਸ ਦੇ ਪੁੱਤਰ (ਜਾਂ ਪੁੱਤਰਾਂ) ਨੂੰ ਮਿਲਣੀ ਸੀ (ਵੇਖੋ ਬਿਵਸਥਾ ਸਾਰ 21:15-17)। ਇਸ ਬਿਧੀ ਅਨੁਸਾਰ, ਜਦੋਂ ਪਤੀ ਮਰ ਜਾਂਦਾ ਸੀ ਤਾਂ ਪਤੀ ਦੀ ਜਾਇਦਾਦ ਤੇ ਪਤਨੀ ਦਾ ਕੋਈ ਅਧਿਕਾਰ ਨਹੀਂ ਸੀ ਹੁੰਦਾ। ਪਰਮੇਸ਼ੁਰ ਨੇ ਦੂਜੇ ਤਰੀਕਿਆਂ ਨਾਲ ਵਿਧਵਾ ਦੀ ਦੇਖਭਾਲ ਦੇ ਲਈ ਪ੍ਰਬੰਧ ਕੀਤਾ ਸੀ।
2. ਜੇਕਰ ਉਸ ਦਾ **ਪੁੱਤ੍ਰ ਨਹੀਂ** ਸੀ ਤਾਂ **ਉਸ ਦੀ ਮਿਲਖ ਉਸ ਦੀ ਧੀ ਨੂੰ** ਦਿੱਤੀ ਜਾਣੀ ਸੀ (27:8)।
3. **ਜੇਕਰ ਉਸ ਦੀ ਧੀ ਨਹੀਂ** ਸੀ ਤਾਂ ਉਸ ਦੀ ਮਿਲਖ **ਉਸ ਦੇ ਭਰਾਵਾਂ ਨੂੰ** ਦਿੱਤੀ ਜਾਣੀ ਸੀ (27:9)।
4. **ਜੇਕਰ ਉਸ ਦੇ ਭਰਾ ਨਹੀਂ** ਸਨ ਤਾਂ ਉਸ ਦੀ ਮਿਲਖ ਉਸ ਦੇ **ਪਿਤਾ ਦੇ ਭਰਾਵਾਂ**, ਅਰਥਾਤ ਚਾਚਿਆਂ ਤਾਇਆਂ ਨੂੰ ਦਿੱਤੀ ਜਾਣੀ ਸੀ (27:10)।
5. **ਜੇਕਰ ਉਸ ਦੇ ਪਿਤਾ ਦੇ ਭਰਾ ਨਹੀਂ** ਸਨ ਤਾਂ **ਉਸ ਦੀ ਮਿਲਖ ਉਸ ਦੇ ਨੇੜਦਾਰਾਂ ਨੂੰ ਜਿਹੜੇ ਉਸ ਦੇ ਟੱਬਰ ਦੇ ਹੋਣ** ਦਿੱਤੀ ਜਾਣੀ ਸੀ (27:11)।

ਇਹ ਫ਼ੈਸਲਾ ਇਸਰਾਏਲੀਆਂ ਲਈ **ਨਿਆਉਂ ਦੀ ਬਿਧੀ** ਹੋਣੀ ਸੀ **ਜਿਵੇਂ ਯਹੋਵਾਹ ਨੇ ਮੂਸਾ ਨੂੰ ਹੁਕਮ ਦਿੱਤਾ ਸੀ** (27:11)। ਯਹੋਸ਼ੁਆ 17:3-6 ਵਿਚ ਲਿਖਿਆ ਹੈ ਕਿ ਇਨ੍ਹਾਂ ਧੀਆਂ ਨੇ ਜੋ ਮਿਲਖ ਮੰਗੀ ਸੀ ਸੱਚਮੁੱਚ ਉਨ੍ਹਾਂ ਨੂੰ ਉਹ ਮਿਲਖ ਮਿਲੀ ਸੀ।

ਜਦ ਕਿ ਇਹ ਲਿਖਤ ਵਿਧਵਾਵਾਂ ਦੇ ਲਈ ਪ੍ਰਬੰਧ ਕਰਦੀ ਹੈ, ਹੋਰ ਬਿਧੀਆਂ ਇਹ ਮੰਗ ਕਰਦੀਆਂ ਸਨ ਕਿ ਇਸਰਾਏਲੀ ਉਨ੍ਹਾਂ ਵਿਧਵਾਵਾਂ ਦੀ ਦੇਖਭਾਲ ਕਰਨ (ਕੂਚ 22:22; ਬਿਵਸਥਾ ਸਾਰ 14:28, 29; 24:17-22; 26:12, 13; 27:19)। ਵਿਧਵਾਵਾਂ ਦੀ ਦੇਖਭਾਲ ਕਰਨ ਦਾ ਇਕ ਤਰੀਕਾ "ਲੈਵੀਰੇਟ ਮੈਰਿਜ ਜਾਂ ਭਾਬੀ-ਦਿਓਰ ਵਿਆਹ" ਸੀ। "ਲੈਵੀਰੇਟ" ਸ਼ਬਦ ਲਾਤੀਨੀ ਸ਼ਬਦ *ਲੈਵਿਰ* ਤੋਂ ਆਇਆ ਹੈ ਜਿਸ ਦਾ ਅਰਥ ਹੈ "ਦਿਓਰ।" ਇਹ ਇਕ

ਪੁਰਾਤਨ ਰੀਤ ਸੀ ਕਿ ਜਦੋਂ ਇਕ ਆਦਮੀ ਮਰ ਜਾਂਦਾ ਸੀ, ਉਸ ਦਾ ਨੇੜਲਾ ਰਿਸ਼ਤੇਦਾਰ, ਜਿਵੇਂ ਕਿ ਦਿਓਰ ਜਾਂ ਜੇਠ, ਉਸ ਦੇ ਭਰਾ ਦੀ ਪਤਨੀ ਨਾਲ ਵਿਆਹ ਕਰਵਾਉਂਦਾ ਸੀ ਅਤੇ ਉਸ ਦੇ ਨਾਮ ਤੇ ਬੱਚੇ ਪੈਦਾ ਕਰਦਾ ਸੀ। ਇਸ ਤਰੀਕੇ ਨਾਲ, ਮ੍ਰਿਤਕ ਆਦਮੀ ਦਾ ਨਾਮ ਖਤਮ ਨਹੀਂ ਸੀ ਹੁੰਦਾ ਅਤੇ ਵਿਧਵਾ ਦੀਆਂ ਜਰੂਰਤਾਂ ਵੀ ਪੂਰੀਆਂ ਹੋ ਜਾਂਦੀਆਂ ਸਨ। ਇਹ ਰੀਤ ਪੁਰਖਿਆਂ ਦੇ ਸਮੇਂ ਤੋਂ ਚੱਲਦੀ ਆਉਂਦੀ ਸੀ ਅਤੇ ਇਸ ਦਾ ਪਿਛੋਕੜ ਸਾਨੂੰ ਤਾਮਾਰ ਦੀ ਕਹਾਣੀ ਵਿਚ ਮਿਲਦਾ ਹੈ (ਉਤਪਤ 38:6-26)। ਬਾਅਦ ਵਿਚ, ਜਦੋਂ ਪਰਮੇਸ਼ੁਰ ਨੇ ਮੂਸਾ ਤੇ ਬਿਵਸਥਾ ਨੂੰ ਪਰਗਟ ਕੀਤਾ, ਤਾਂ ਲੈਵੀਰੇਟ ਮੈਰਿਜ ਜਾਂ ਭਾਬੀ-ਦਿਓਰ ਵਿਆਹ ਨੂੰ ਸ਼ਾਮਲ ਕੀਤਾ ਗਿਆ ਸੀ (ਬਿਵਸਥਾ ਸਾਰ 25:5-10)। ਇਹ ਬਿਧੀ ਰੂਥ ਦੀ ਕਹਾਣੀ ਦੇ ਲਈ ਪ੍ਰਮੁੱਖ ਹੈ (ਰੂਥ 3:1-4:10)। ਇਹ ਉਸ ਸਵਾਲ ਦੇ ਲਈ ਵੀ ਪਿਛੋਕੜ ਵਜੋਂ ਕੰਮ ਕਰਦੀ ਹੈ ਕਿ ਜੋ ਸਦੂਕੀਆਂ ਨੇ ਯਿਸੂ ਨੂੰ ਉਸ ਤੀਵੀਂ ਦੇ ਬਾਰੇ ਪੁੱਛਿਆ ਸੀ ਜਿਹੜੀ ਸੱਤ ਪਤੀ ਕਰ ਚੁੱਕੀ ਸੀ (ਮੱਤੀ 22:23-33)।

## ਮੂਸਾ ਦਾ ਵਾਰਸ (27:12-23)

**[12]ਤਾਂ ਯਹੋਵਾਹ ਨੇ ਮੂਸਾ ਨੂੰ ਆਖਿਆ ਕਿ ਤੂੰ ਏਸ ਅਬਾਰੀਮ ਨਾਮੀ ਪਹਾੜ ਉੱਤੇ ਚੜ੍ਹ
ਅਤੇ ਉਸ ਧਰਤੀ ਨੂੰ ਵੇਖ ਜਿਹੜੀ ਮੈਂ ਇਸਰਾਏਲੀਆਂ ਨੂੰ ਦਿੱਤੀ ਹੈ। [13]ਜਦ ਤੂੰ ਉਹ ਨੂੰ ਵੇਖ
ਲਿਆ ਤਾਂ ਤੂੰ ਵੀ ਆਪਣੇ ਲੋਕਾਂ ਵਿੱਚ ਜਾ ਰਲੇਂਗਾ ਜਿਵੇਂ ਹਾਰੂਨ ਤੇਰਾ ਭਰਾ ਜਾ ਰਲਿਆ ਹੈ।
[14]ਏਸ ਲਈ ਕਿ ਤੁਸਾਂ ਮੇਰੇ ਹੁਕਮ ਨੂੰ ਸੀਨਈ ਦੀ ਉਜਾੜ ਵਿੱਚ ਰੱਦਿਆ ਜਦ ਮੰਡਲੀ ਆਕੀ
ਹੋ ਗਈ ਅਤੇ ਤੁਸਾਂ ਮੈਨੂੰ ਉਸ ਪਾਣੀ ਵਿਖੇ ਉਨ੍ਹਾਂ ਦੀਆਂ ਅੱਖਾਂ ਅੱਗੇ ਪਵਿੱਤ੍ਰ ਨਾ
ਠਹਿਰਾਇਆ। ਓਹ ਮਰੀਬਾਹ ਦਾ ਪਾਣੀ ਸੀਨ ਦੀ ਉਜਾੜ ਵਿੱਚ ਕਾਦੇਸ਼ ਦੇ ਕੋਲ ਸੀ।
[15]ਫੇਰ ਮੂਸਾ ਨੇ ਯਹੋਵਾਹ ਨਾਲ ਗੱਲ ਕੀਤੀ [16]ਕਿ ਯਹੋਵਾਹ ਜਿਹੜਾ ਸਾਰੇ ਸਰੀਰਾਂ ਦੀਆਂ
ਆਤਮਾਂ ਦਾ ਪਰਮੇਸ਼ੁਰ ਹੈ ਕਿਸੇ ਮਨੁੱਖ ਨੂੰ ਮੰਡਲੀ ਉੱਤੇ ਠਹਿਰਾਵੇ। [17]ਜਿਹੜਾ ਉਨ੍ਹਾਂ ਦੇ
ਅੱਗੇ ਬਾਹਰ ਜਾਵੇ ਅਤੇ ਜਿਹੜਾ ਉਨ੍ਹਾਂ ਦੇ ਅੱਗੇ ਅੰਦਰ ਆਵੇ ਅਤੇ ਜਿਹੜਾ ਉਨ੍ਹਾਂ ਨੂੰ ਬਾਹਰ
ਲੈ ਆਵੇ ਅਤੇ ਅੰਦਰ ਲੈ ਆਵੇ ਤਾਂ ਜੋ ਯਹੋਵਾਹ ਦੀ ਮੰਡਲੀ ਉਸ ਇੱਜੜ ਵਾਂਙੁ ਨਾ ਹੋਵੇ
ਜਿਨ੍ਹਾਂ ਦਾ ਪਾਲੀ ਨਹੀਂ। [18]ਅੱਗੋਂ ਯਹੋਵਾਹ ਨੇ ਮੂਸਾ ਨੂੰ ਆਖਿਆ, ਨੂਨ ਦੇ ਪੁੱਤ੍ਰ ਯਹੋਸ਼ੁਆ ਨੂੰ
ਆਪਣੇ ਲਈ ਲੈ। ਉਹ ਇੱਕ ਮਰਦ ਹੈ ਜਿਹ ਦੇ ਵਿੱਚ ਆਤਮਾ ਹੈ ਅਤੇ ਤੂੰ ਆਪਣਾ ਹੱਥ
ਉਸ ਉੱਤੇ ਧਰ। [19]ਫੇਰ ਤੂੰ ਉਨ੍ਹਾਂ ਨੂੰ ਅਲਆਜ਼ਾਰ ਜਾਜਕ ਦੇ ਅੱਗੇ ਅਤੇ ਸਾਰੀ ਮੰਡਲੀ ਦੇ
ਅੱਗੇ ਖੜਾ ਕਰ ਕੇ ਉਨ੍ਹਾਂ ਦੇ ਵੇਖਦਿਆਂ ਤੇ ਉਹ ਨੂੰ ਇਖ਼ਤਿਆਰ ਦੇਹ। [20]ਅਤੇ ਤੂੰ ਉਸ ਉੱਤੇ
ਆਪਣੀ ਪਦਵੀ ਤੋਂ ਦੇਹ ਤਾਂ ਜੋ ਇਸਰਾਏਲ ਦੀ ਸਾਰੀ ਮੰਡਲੀ ਉਸ ਦੀ ਸੁਣੇ। [21]ਅਤੇ ਉਹ
ਅਲਆਜ਼ਾਰ ਜਾਜਕ ਦੇ ਅੱਗੇ ਖੜਾ ਹੋਵੇ ਅਤੇ ਉਹ ਯਹੋਵਾਹ ਦੇ ਅੱਗੇ ਊਰੀਮ ਦਾ ਫ਼ੈਸਲਾ
ਉਹ ਦੇ ਵਿਖੇ ਪੁੱਛੇ। ਉਸ ਦੇ ਹੁਕਮ ਉੱਤੇ ਉਹ ਨਾਲੇ ਸਾਰੇ ਇਸਰਾਏਲੀ ਅਰਥਾਤ ਸਾਰੀ
ਮੰਡਲੀ ਬਾਹਰ ਜਾਵੇ ਅਤੇ ਉਸ ਦੇ ਹੁਕਮ ਉੱਤੇ ਅੰਦਰ ਆਵੇ। [22]ਸੋ ਮੂਸਾ ਨੇ ਓਵੇਂ ਹੀ ਕੀਤਾ
ਜਿਵੇਂ ਯਹੋਵਾਹ ਨੇ ਉਹ ਨੂੰ ਹੁਕਮ ਦਿੱਤਾ ਸੀ ਅਤੇ ਯਹੋਸ਼ੁਆ ਨੂੰ ਲੈ ਕੇ ਅਲਆਜ਼ਾਰ ਜਾਜਕ
ਦੇ ਅੱਗੇ ਅਤੇ ਸਾਰੀ ਮੰਡਲੀ ਦੇ ਅੱਗੇ ਖੜਾ ਕੀਤਾ। [23]ਫੇਰ ਉਹ ਨੇ ਆਪਣੇ ਹੱਥ ਉਸ ਉੱਤੇ
ਰੱਖੇ ਅਤੇ ਉਸ ਨੂੰ ਇਖ਼ਤਿਆਰ ਦਿੱਤਾ ਜਿਵੇਂ ਯਹੋਵਾਹ ਮੂਸਾ ਦੇ ਰਾਹੀਂ ਬੋਲਿਆ ਸੀ।**

ਅਧਿਆਇ ਦੇ ਦੂਜੇ ਅੱਧ ਵਿਚ, "ਮਿਲਖ" ਦੇ ਇਕ ਹੋਰ ਮਸਲੇ ਨੂੰ ਸੁਲਝਾਇਆ ਗਿਆ ਹੈ। ਜਦੋਂ ਮੂਸਾ ਮਰ ਗਿਆ ਤਾਂ ਪਰਮੇਸ਼ੁਰ ਨੇ ਫ਼ੈਸਲਾ ਕੀਤਾ ਸੀ ਕਿ ਕੌਣ ਆਗੂ ਦੀ ਚਾਦਰ ਦਾ

ਵਾਰਸ ਹੋਵੇਗਾ। ਵਾਰਸ ਦਾ ਸਵਾਲ ਉਠਾਇਆ ਗਿਆ ਸੀ ਕਿਉਂਕਿ ਪਰਮੇਸ਼ੁਰ ਨੇ ਐਲਾਨ ਕੀਤਾ ਸੀ ਕਿ ਮੂਸਾ ਛੇਤੀ ਹੀ ਮਰ ਜਾਵੇਗਾ।

**ਆਇਤ 12.** ਪਰਮੇਸ਼ੁਰ ਨੇ **ਮੂਸਾ** ਨੂੰ ਹਦਾਇਤ ਦਿੱਤੀ ਸੀ ਕਿ **ਅਬਾਰੀਮ ਨਾਮੀ ਪਹਾੜ ਉੱਤੇ ਚੜ੍ਹ ਅਤੇ ਉਸ ਧਰਤੀ ਨੂੰ ਵੇਖ।** "ਅਬਾਰੀਮ" ਇਕ ਪਹਾੜ ਸੀ ਜਿਹੜਾ ਖਾਰੇ ਸੁਮੰਦਰ ਦੇ ਉੱਤਰੀ-ਪੱਛਮੀ ਕੰਢੇ ਤੇ ਸਥਿਤ ਸੀ। ਉਹ ਥਾਂ ਜਿੱਥੋਂ ਮੂਸਾ ਨੇ ਕਨਾਨ ਵਿਚ ਵੇਖਿਆ ਸੀ ਉਹ ਨਬੋ ਪਹਾੜ ਸੀ (ਬਿਵਸਥਾ ਸਾਰ 34:1)। "ਇਹ ਯਰੀਹੋ ਦੇ ਸਾਹਮਣੇ ਅਬਾਰੀਮ ਪਹਾੜਾਂ ਦੀ ਇਕ ਚੋਟੀ ਸੀ [ਗਿਣਤੀ 33:47; ਬਿਵਸਥਾ ਸਾਰ 32:49]; ਨੇੜੇ ਪਿਸਗਾਹ ਦੀ ਚੋਟੀ ਹੈ [ਬਿਵਸਥਾ ਸਾਰ 34:1]।"[4]

**ਆਇਤ 13.** ਪਰਮੇਸ਼ੁਰ ਨੇ ਮੂਸਾ ਨੂੰ ਚਿਤਾਵਨੀ ਦਿੱਤੀ ਸੀ ਕਿ ਉਹ ਆਪਣੇ **ਲੋਕਾਂ ਵਿੱਚ ਰਲਣ** ਵਾਲਾ ਸੀ, **ਜਿਵੇਂ** [ਉਸ ਦਾ] **ਭਰਾ ਹਾਰੂਨ** ਜਾ ਰਲਿਆ ਸੀ। ਮੂਸਾ ਨੂੰ ਉਸ ਧਰਤੀ ਨੂੰ ਵੇਖਣ ਦਿੱਤਾ ਜਾਣਾ ਸੀ ਜੋ ਪਰਮੇਸ਼ੁਰ ਇਸਰਾਏਲ ਨੂੰ ਦੇਣ ਜਾ ਰਿਹਾ ਸੀ, ਪਰ ਫਿਰ ਉਹਨੇ ਮਰ ਜਾਣਾ ਸੀ (ਬਿਵਸਥਾ ਸਾਰ 3:27; 32:48-52)।

**ਆਇਤ 14.** ਪਰਮੇਸ਼ੁਰ ਨੇ ਮੂਸਾ ਨੂੰ ਚੇਤੇ ਕਰਾਇਆ ਕਿ ਕਿਉਂ ਉਹ ਉਸ ਧਰਤੀ ਨੂੰ ਵੇਖੇਗਾ ਪਰ ਇਸ ਵਿਚ ਦਾਖਲ ਨਹੀਂ ਹੋਵੇਗਾ: **ਸੀਨ ਦੀ ਉਜਾੜ** ਵਿੱਚ ਉਹ ਪਰਮੇਸ਼ੁਰ ਦੇ ਵਿਰੁੱਧ ਆਕੀ ਹੋ ਗਿਆ ਸੀ ਅਤੇ ਉਸ ਨੇ ਪਰਮੇਸ਼ੁਰ ਨੂੰ **ਮਰੀਬਾਹ ਦੇ ਪਾਣੀ ... ਕਾਦੇਸ਼ ਕੋਲ ਉਨ੍ਹਾਂ ਦੀਆਂ** [ਮੰਡਲੀ ਦੀਆਂ] **ਅੱਖਾਂ ਅੱਗੇ ਪਵਿੱਤ੍ਰ ਨਾ ਠਹਿਰਾਇਆ** (20:2-13)।

ਮੂਸਾ ਨੇ ਯਹੋਵਾਹ ਦੇ ਅੱਗੇ ਤਰਲੇ ਪਾ ਕੇ ਬੇਨਤੀ ਕੀਤੀ ਸੀ ਕਿ "ਮੈਨੂੰ ਪਾਰ ਲੰਘਣ ਦੇਹ ਕਿ ਮੈਂ ਉਸ ਚੰਗੀ ਧਰਤੀ ਨੂੰ ਜਿਹੜੀ ਯਰਦਨ ਪਾਰ ਹੈ ਵੇਖਾਂ," ਪਰ ਕੋਈ ਫਾਇਦਾ ਨਾ ਹੋਇਆ (ਬਿਵਸਥਾ ਸਾਰ 3:23-26)। ਗਿਣਤੀ 20:12 ਵਿਚ, ਪਰਮੇਸ਼ੁਰ ਨੇ ਹੁਕਮ ਦਿੱਤਾ ਸੀ ਕਿ ਮੂਸਾ ਉਸ ਧਰਤੀ ਵਿਚ ਦਾਖਲ ਨਹੀਂ ਹੋਵੇਗਾ ਅਤੇ ਪਰਮੇਸ਼ੁਰ ਆਪਣਾ ਮਨ ਨਹੀਂ ਬਦਲੇਗਾ। ਬਿਵਸਥਾ ਸਾਰ 34:1 ਵਿਚ ਲਿਖਿਆ ਹੈ ਕਿ ਮੂਸਾ ਨੇ ਪਰਮੇਸ਼ੁਰ ਦੀਆਂ ਹਦਾਇਤਾਂ ਦਾ ਪਾਲਣ ਕੀਤਾ ਅਤੇ ਜਾ ਕੇ ਉਸ ਧਰਤੀ ਨੂੰ ਵੇਖਿਆ। "ਯਹੋਵਾਹ ਨੇ ਉਸ ਨੂੰ ਸਾਰੀ ਧਰਤੀ ਵਿਖਾਈ" ਅਤੇ ਉਹ "ਮੋਆਬ ਦੇ ਦੇਸ ਵਿੱਚ ਮਰ ਗਿਆ" (ਬਿਵਸਥਾ ਸਾਰ 34:1, 5)।

**ਆਇਤਾਂ 15-17.** ਜਦੋਂ ਮੂਸਾ ਨੂੰ ਉਸ ਦੀ ਆਉਣ ਵਾਲੀ ਮੌਤ ਦੇ ਬਾਰੇ ਦੱਸਿਆ ਗਿਆ, ਤਾਂ ਮੂਸਾ ਵਾਰਸ ਦੇ ਵਿਸ਼ੇ ਨੂੰ ਸਾਹਮਣੇ ਲੈ ਕੇ ਆ ਗਿਆ ਅਤੇ ਬੇਨਤੀ ਕੀਤੀ ਕਿ **ਯਹੋਵਾਹ** ਜਿਸ ਦਾ ਉਸ ਨੇ **ਸਾਰੇ ਸਰੀਰਾਂ ਦੀਆਂ ਆਤਮਾਂ ਦਾ ਪਰਮੇਸ਼ੁਰ ਹੈ** ਵਜੋਂ ਹਵਾਲਾ ਦਿੱਤਾ ਸੀ (ਵੇਖੋ 16:22), **ਕਿਸੇ ਮਨੁੱਖ ਨੂੰ ਮੰਡਲੀ ਉੱਤੇ ਠਹਿਰਾਵੇ।** ਉਨ੍ਹਾਂ ਨੂੰ ਕਿਸੇ ਮਨੁੱਖ ਦੀ ਲੋੜ ਸੀ ਜਿਹੜਾ **ਉਨ੍ਹਾਂ ਦੇ ਅੱਗੇ ਲੱਗੇ** ਅਤੇ ਉਨ੍ਹਾਂ ਦੀ ਦੇਖਭਾਲ ਕਰੇ ਤਾਂ ਪਰਜਾ **ਉਸ ਇੱਜੜ ਵਾਂਙੁ ਨਾ ਹੋਵੇ ਜਿਨ੍ਹਾਂ ਦਾ ਪਾਲੀ ਨਹੀਂ।** ਇਹ ਸ਼ਬਦਾਵਲੀ "ਖਿੰਡੀ ਹੋਈ, ਬੇਸਹਾਰਾ ਅਤੇ ਹਾਰੀ ਹੋਈ ਪਰਜਾ ਦੇ ਲਈ ਇਕ ਅਲੰਕਾਰ ਹੈ।"[5] ਕਈ ਵਾਰ ਇਹ ਇਕ ਅਜਿਹੀ ਫੌਜ ਦਾ ਹਵਾਲਾ ਦਿੰਦਾ ਹੈ ਜਿਸ ਦਾ ਸੈਨਾਪਤੀ ਨਹੀਂ ਹੈ (1 ਰਾਜਿਆਂ 22:17; 2 ਇਤਹਾਸ 18:16)। ਇਸ ਤੋਂ ਇਲਾਵਾ, **ਬਾਹਰ ਜਾਵੇ** ਅਤੇ **ਅੰਦਰ ਆਵੇ** ਵਾਕਾਂ ਦਾ ਅਰਥ ਜੁੱਧ ਲਈ ਜਾਣਾ ਅਤੇ ਜੁੱਧ ਖਤਮ ਹੋਣ ਤੋਂ ਬਾਅਦ ਵਾਪਸ ਪਰਤਣਾ ਹੋ ਸਕਦਾ ਹੈ (ਯਹੋਸ਼ੁਆ 14:11; 1 ਸਮੂਏਲ 18:13, 16)। ਇਸ ਸੰਦਰਭ ਵਿਚ, ਭਾਸ਼ਾ ਇਕ ਆਗੂ ਬਾਰੇ ਦੱਸਦੀ ਹੈ ਜਿਹੜਾ ਇਸਰਾਏਲੀਆਂ ਦੀ ਕਨਾਨ ਦੀ ਜਿੱਤ ਵਿਚ ਅਗਵਾਈ ਕਰੇਗਾ।

**ਆਇਤਾਂ 18, 19.** ਪਰਮੇਸ਼ੁਰ ਉਸ ਬੇਨਤੀ ਨਾਲ ਸਹਿਮਤ ਹੋ ਗਿਆ ਅਤੇ ਉਸ ਨੇ ਮੂਸਾ ਨੂੰ **ਨੂਨ ਦੇ ਪੁੱਤ੍ਰ ਯਹੋਸ਼ੁਆ** ਨੂੰ ਨਿਯੁਕਤ ਕਰਨ ਦੀ ਹਦਾਇਤ ਦਿੱਤੀ। ਯਹੋਸ਼ੁਆ ਇਕ

ਤਰਕਸੰਗਤ ਪਸੰਦ ਸੀ। ਉਹ "ਆਪਣੀ ਜਵਾਨੀ ਤੋਂ ਮੂਸਾ ਦਾ ਸੇਵਕ" ਰਿਹਾ ਸੀ (11:28; ਵੇਖੋ ਕੂਚ 33:11)। ਉਸ ਨੇ ਅਮਾਲੇਕੀਆਂ ਦੇ ਵਿਰੁੱਧ ਇਸਰਾਏਲ ਦੀਆਂ ਫੌਜਾਂ ਦੀ ਅਗਵਾਈ ਕੀਤੀ ਸੀ ਅਤੇ ਮੂਸਾ ਦੇ ਨਾਲ ਸੀ ਜਦੋਂ ਉਹ ਬਿਵਸਥਾ ਨੂੰ ਪ੍ਰਾਪਤ ਕਰਨ ਦੇ ਲਈ ਸੀਨਈ ਪਹਾੜ ਉੱਤੇ ਗਿਆ ਸੀ (ਕੂਚ 17:9, 10; 24:13; 32:17)। ਮੂਸਾ ਦੇ "ਸੇਵਕ" ਦੇ ਤੌਰ ਤੇ (ਯਹੋਸ਼ੁਆ 1:1), ਯਹੋਸ਼ੁਆ ਉਨ੍ਹਾਂ ਬਾਰਾਂ ਮਨੁੱਖਾਂ ਵਿੱਚੋਂ ਇਕ ਸੀ ਜਿਨ੍ਹਾਂ ਨੇ ਦੇਸ ਦੀ ਖੋਜ ਕੱਢੀ ਸੀ (13:8, 16)। ਉਹ, ਕਾਲੇਬ ਦੇ ਨਾਲ, ਜ਼ਿਆਦਾਤਰ ਖੋਜ ਕੱਢਣ ਵਾਲਿਆਂ ਦੀ "ਝੂਠੀ ਰਪੋਟ" ਦੇ ਨਾਲ ਅਸਹਿਮਤ ਹੋਇਆ ਸੀ (14:6-9)। ਨਤੀਜੇ ਵਜੋਂ, ਉਨ੍ਹਾਂ ਦੀ ਪੀੜ੍ਹੀ ਦੇ ਸਿਰਫ ਇਹ ਦੋ ਮਨੁੱਖ ਵਾਅਦੇ ਦੀ ਧਰਤੀ ਵਿਚ ਦਾਖਲ ਹੋਏ ਸਨ (26:65)।

ਯਹੋਸ਼ੁਆ ਨੂੰ ਮੂਸਾ ਦਾ ਉਤਰਾਧਿਕਾਰੀ ਨਿਯੁਕਤ ਕਰਕੇ, ਪਰਮੇਸ਼ੁਰ ਨੇ ਪਹਿਲਾਂ ਯਹੋਸ਼ੁਆ ਦੀ ਯੋਗਤਾ ਦੀ ਗੱਲ ਕੀਤੀ। ਉਹ **ਇੱਕ ਮਰਦ [ਸੀ] ਜਿਸ ਦੇ ਵਿੱਚ ਆਤਮਾ** ਸੀ। ਆਇਤ 18 ਵਿਚ "ਆਤਮਾ" ਦੇ ਲਈ ਜਿਹੜਾ ਇਬਰਾਨੀ ਸ਼ਬਦ ਵਰਤਿਆ ਗਿਆ ਹੈ ਉਹ ਹੈ (רוּחַ, *ਰੁਆਚ)* ਜਿਸ ਦਾ ਅਰਥ "ਅਗਵਾਈ ਦਾ ਆਤਮਾ" - ਅਗਵਾਈ ਕਰਨ ਜਾਂ ਪਰਮੇਸ਼ੁਰ ਦੀ ਪਰਜਾ ਦੇ ਲਈ ਕੁਝ ਵਿਸ਼ੇਸ਼ ਕੰਮਾਂ ਨੂੰ ਕਰਨ ਦੇ ਲਈ ਪਰਮੇਸ਼ੁਰ ਦੁਆਰਾ ਦਿੱਤੀ ਗਈ ਇਕ ਪ੍ਰਤਿਭਾ - ਹੋ ਸਕਦਾ ਹੈ। ਜੇਕਰ ਇਹ ਅਰਥ ਹੈ, ਇਸ ਸ਼ਬਦ ਨੂੰ ਮੋਟੇ ਅੱਖਰਾਂ ਵਿਚ ਨਹੀਂ ਲਿਖਿਆ ਜਾਣਾ ਚਾਹੀਦਾ। ਦੂਜੀ ਸੰਭਾਵਨਾ ਇਹ ਹੈ ਕਿ "ਆਤਮਾ" ਦਾ ਅਰਥ "ਪਰਮੇਸ਼ੁਰ ਦਾ ਆਤਮਾ," ਸ਼ਾਇਦ ਪਵਿੱਤਰ ਆਤਮਾ ਹੈ। ਜੇਕਰ ਇਸ ਦਾ ਇਹ ਅਰਥ ਹੈ, ਤਾਂ ਇਸ ਸ਼ਬਦ ਨੂੰ ਮੋਟੇ ਅੱਖਰਾਂ ਵਿਚ ਲਿਖਿਆ ਜਾਣਾ ਚਾਹੀਦਾ ਹੈ। ਦੋਹਾਂ ਤਰੀਕਿਆਂ ਨਾਲ, ਪਰਮੇਸ਼ੁਰ "ਆਤਮਾ" ਦਾ ਸ੍ਰੋਤ ਸੀ ਜਿਸ ਨੇ ਯਹੋਸ਼ੁਆ ਨੂੰ ਮੂਸਾ ਦਾ ਵਾਰਸ ਬਣਨ ਦੇ ਯੋਗ ਬਣਾਇਆ ਸੀ।[6]

ਮੂਸਾ ਨੂੰ ਯਹੋਸ਼ੁਆ **ਉੱਤੇ** [ਆਪਣਾ] **ਹੱਥ ਧਰ** ਕੇ, ਉਸ ਨੂੰ ਆਗੂ ਦਾ ਅਹੁਦਾ ਦੇਣ ਦਾ ਹੁਕਮ ਦਿੱਤਾ ਗਿਆ ਸੀ (ਵੇਖੋ 8:10; ਰਸੂਲਾਂ ਦੇ ਕਰਤੱਬ 6:6; 13:3)। ਇਸ ਤੋਂ ਇਲਾਵਾ, ਉਸ ਨੂੰ ਯਹੋਸ਼ੁਆ ਨੂੰ **ਅਲਆਜ਼ਾਰ ਜਾਜਕ ਦੇ ਅੱਗੇ ਅਤੇ ਸਾਰੀ ਮੰਡਲੀ ਦੇ ਅੱਗੇ ਖੜਾ ਕਰ ਕੇ ਉਨ੍ਹਾਂ ਦੇ ਵੇਖਦਿਆਂ ਇਖ਼ਤਿਆਰ ਦੇਣ** ਦੇ ਲਈ ਆਖਿਆ ਗਿਆ ਸੀ। "ਇਖ਼ਤਿਆਰ" ਦੇ ਲਈ ਜਿਹੜਾ ਇਬਰਾਨੀ ਸ਼ਬਦ (צָוָה, *ਟਸਾਵਾਹ)* ਵਰਤਿਆ ਗਿਆ ਹੈ ਉਸ ਦਾ ਅਨੁਵਾਦ "ਜ਼ਿੰਮੇਵਾਰੀ ਸੌਂਪਣਾ" (KJV) ਜਾਂ "ਹੁਕਮ ਦੇਣਾ" (NJB) ਕੀਤਾ ਜਾ ਸਕਦਾ ਹੈ।

**ਆਇਤ 20.** ਯਹੋਸ਼ੁਆ ਉੱਥੇ ਹੱਥਾਂ ਨੂੰ ਧਰਨ ਅਤੇ ਲੋਕਾਂ ਦੇ ਸਾਹਮਣੇ ਉਸ ਨੂੰ ਇਸਰਾਏਲ ਦੇ ਅਗਲੇ ਆਗੂ ਦਾ ਇਖ਼ਤਿਆਰ ਦੇ ਕੇ, **ਮੂਸਾ ਨੇ ਉਸ ਉੱਤੇ ਆਪਣੀ ਪਦਵੀ ਤੋਂ** ਦੇਣਾ ਸੀ। ਬਿਵਸਥਾ ਸਾਰ 34:9 ਆਖਦੀ ਹੈ ਕਿ ਜਦੋਂ ਮੂਸਾ ਨੇ ਯਹੋਸ਼ੁਆ ਉੱਤੇ ਆਪਣੇ ਹੱਥ ਧਰੇ, ਉਸ ਨੇ ਯਹੋਸ਼ੁਆ ਵਿਚ ਆਪਣਾ "ਬੁੱਧੀ ਦਾ ਆਤਮਾ" ਭੇਜ ਦਿੱਤਾ। ਇਸ ਇਖ਼ਤਿਆਰ ਦੇ ਨਾਲ, **ਇਸਰਾਏਲ ਦੀ ਸਾਰੀ ਮੰਡਲੀ** ਨੂੰ ਯਹੋਸ਼ੁਆ ਨੂੰ **ਸੁਣਨ** ਦੀ ਲੋੜ ਸੀ।

**ਆਇਤ 21.** ਪਰ, ਯਹੋਸ਼ੁਆ ਦੀ ਭੂਮਿਕਾ ਬਿਲਕੁਲ ਮੂਸਾ ਦੀ ਭੂਮਿਕਾ ਵਰਗੀ ਨਹੀਂ ਹੋਵੇਗੀ। ਸਿੱਧਾ ਪਰਮੇਸ਼ੁਰ ਕੋਲੋਂ ਮਾਰਗ-ਦਰਸ਼ਨ ਪ੍ਰਾਪਤ ਕਰਨ ਦੀ ਬਜਾਇ, ਯਹੋਸ਼ੁਆ ਦੀ ਅਗਵਾਈ **ਊਰੀਮ** (ਅਤੇ ਤੁੰਮੀਮ) ਦੁਆਰਾ ਕੀਤੀ ਜਾਵੇਗੀ, **ਅਲਆਜ਼ਾਰ** [ਪਰਧਾਨ] **ਜਾਜਕ** ਦੁਆਰਾ ਉਸ ਨੂੰ ਸੰਭਾਲਿਆ ਜਾਣਾ ਸੀ।

ਮੰਨਿਆ ਜਾਂਦਾ ਹੈ ਕਿ ਊਰੀਮ ਅਤੇ ਤੁੰਮੀਮ ਦੋ ਛੋਟੇ-ਛੋਟੇ ਪੱਥਰ ਸਨ ਜੋ ਪਰਧਾਨ ਜਾਜਕ ਆਪਣੇ ਸੀਨੇ ਬੰਦ ਤੇ ਪਾਉਂਦੇ ਸਨ (ਕੂਚ 28:30)। ਜਦੋਂ ਯਹੋਵਾਹ ਦੇ ਵਿਖੇ **ਪੁੱਛਣ** ਦੇ ਲਈ ਪਰਧਾਨ ਜਾਜਕ ਦੁਆਰਾ ਵਰਤੇ ਜਾਂਦੇ ਹਨ, ਉਹ ਉਸ ਸਵਾਲ ਦੇ ਪ੍ਰਤੀ ਰੱਬੀ **ਨਿਆਉਂ** ("ਹਾਂ,"

"ਨਾਂਹ," ਜਾਂ "ਨਿਰਪੱਖ") ਨੂੰ ਪਰਗਟ ਕਰਦੇ ਸਨ ਜੋ ਇਸਰਾਏਲ ਦੇ ਸਰਦਾਰਾਂ ਦੁਆਰਾ ਪੁੱਛਿਆ ਜਾਂਦਾ ਸੀ।[7] ਆਰ. ਕੇ. ਹੈਰੀਸਨ ਨੇ ਦੱਸਿਆ ਕਿ "ਊਰੀਮ" (אוּרִים) ਅਤੇ "ਤੁੰਮੀਮ" (תֻּמִּים) ਲਈ ਜਿਹੜੇ ਇਬਰਾਨੀ ਸ਼ਬਦ ਵਰਤੇ ਗਏ ਹਨ ਅਲੈਫ (א) ਅਤੇ ਟਵ (ת) ਨਾਲ ਸ਼ੁਰੂ ਹੁੰਦੇ ਹਨ ਜੋ ਇਬਰਾਨੀ ਵਰਣਮਾਲਾ ਦੇ ਪਹਿਲੇ ਅਤੇ ਆਖ਼ਰੀ ਅੱਖਰ ਹਨ। ਉਸ ਨੇ ਸੁਝਾਅ ਦਿੱਤਾ ਸੀ ਕਿ ਇਹ ਵਿਸਤਰਣ ਹੋ ਸਕਦੇ ਹਨ ਜਿਸ ਵਿਚ ਵਿਰੋਧੀ ਪੂਰਨਤਾ ਨੂੰ ਦਰਸਾਉਂਦੇ ਹਨ, ਜਿਵੇਂ ਕਿ ਯੂਨਾਨੀ ਵਿਚ "ਅਲਫਾ ਅਤੇ ਓਮੇਗਾ" (ਪਰਕਾਸ਼ ਦੀ ਪੋਥੀ 1:8; 21:6; 22:13)। ਜੇਕਰ ਇਸ ਤਰ੍ਹਾਂ ਹੈ, ਊਰੀਮ ਅਤੇ ਤੁੰਮੀਮ ਨੂੰ "ਪਰਕਾਸ਼ ਦੀ ਪੋਥੀ ਵਿਚ ਪੂਰਨ ਸੱਚਾਈ"[8] ਦੇ ਰੂਪ ਵਿਚ ਸਮਝਿਆ ਜਾ ਸਕਦਾ ਹੈ।

ਯਹੋਸ਼ੁਆ ਪਰਮੇਸ਼ੁਰ ਦੇ ਉੱਤਰਾਂ ਨੂੰ ਪ੍ਰਾਪਤ ਕਰਨ ਦੇ ਲਈ ਪਰਧਾਨ ਜਾਜਕ ਦੇ **ਅੱਗੇ ਖੜ੍ਹਾ** ਹੋਵੇਗਾ। ਸਾਰੇ **ਇਸਰਾਏਲੀਆਂ** ਨੇ ਉਸ ਦੀਆਂ ਹਦਾਇਤਾਂ ਦਾ ਪਾਲਣ ਕਰਨਾ ਸੀ: ਉਨ੍ਹਾਂ ਨੇ **ਉਸ ਦੇ ਹੁਕਮ ਉੱਤੇ ਬਾਹਰ ਜਾਣਾ** [ਸੀ] **ਅਤੇ ਉਸ ਦੇ ਹੁਕਮ ਉੱਤੇ ਅੰਦਰ ਆਉਣਾ** ਸੀ। ਇਹ ਭਾਸ਼ਾ ਇਸਰਾਏਲ ਦੀਆਂ ਲੜਾਈਆਂ ਸੰਬੰਧੀ ਪਰਮੇਸ਼ੁਰ ਦੀਆਂ ਹਦਾਇਤਾਂ ਵੱਲ ਇਸ਼ਾਰਾ ਕਰਦੀ ਹੈ (27:15-17 ਤੇ ਟਿੱਪਣੀਆਂ ਵੇਖੋ)।

**ਆਇਤਾਂ 22, 23. ਮੂਸਾ ਨੇ ਓਵੇਂ ਹੀ ਕੀਤਾ ਜਿਵੇਂ ਯਹੋਵਾਹ ਨੇ ਉਹ ਨੂੰ ਹੁਕਮ ਦਿੱਤਾ ਸੀ।** ਲਿਖਤ ਅੱਗੇ ਇਹ ਆਖਦੀ ਹੈ ਕਿ ਮੂਸਾ ਨੇ **ਯਹੋਸ਼ੁਆ ਨੂੰ ਲੈ ਕੇ ਅਲਆਜ਼ਾਰ ਜਾਜਕ ਦੇ ਅੱਗੇ ਅਤੇ ਸਾਰੀ ਮੰਡਲੀ ਦੇ ਅੱਗੇ ਖੜ੍ਹਾ ਕੀਤਾ ... ਉਹ ਨੇ ਆਪਣੇ ਹੱਥ ਉਸ ਉੱਤੇ ਰੱਖੇ ਅਤੇ ਉਸ ਨੂੰ ਇਖ਼ਤਿਆਰ ਦਿੱਤਾ**। ਜਿਵੇਂ ਅਲਆਜ਼ਾਰ ਨੇ ਪਰਧਾਨ ਜਾਜਕ ਦੇ ਤੌਰ ਤੇ ਹਾਰੂਨ ਦੀ ਥਾਂ ਲਈ ਸੀ (22:23-28), ਯਹੋਸ਼ੁਆ ਇਸਰਾਏਲ ਦੇ ਆਗੂ ਦੇ ਤੌਰ ਤੇ ਮੂਸਾ ਦੀ ਥਾਂ ਲਵੇਗਾ।

**ਜਿਵੇਂ ਯਹੋਵਾਹ ਮੂਸਾ ਦੇ ਰਾਹੀਂ ਬੋਲਿਆ ਸੀ** ਵਾਕ ਇਕ ਭਾਵਨਾ ਹੈ ਜੋ ਕੂਚ ਦੀ ਪੁਸਤਕ ਦੇ ਕੁਝ ਆਖ਼ਰੀ ਅਧਿਆਵਾਂ ਅਤੇ ਗਿਣਤੀ ਦੀ ਪੁਸਤਕ ਦੇ ਪਹਿਲੇ ਦਸ ਅਧਿਆਵਾਂ ਵਿਚ ਅਕਸਰ ਮਿਲਦੀ ਹੈ, ਪਰ ਗਿਣਤੀ 10:13 ਤੋਂ ਲੈ ਕੇ ਹੁਣ ਤੱਕ ਉਹ ਸ਼ਬਦ (ਜਾਂ ਉਨ੍ਹਾਂ ਵਰਗੇ ਸ਼ਬਦ) ਪਹਿਲੀ ਵਾਰ ਆਏ ਹਨ। ਸ਼ਾਇਦ ਇਸ ਸ਼ਬਦਾਵਲੀ ਦੀ ਵਰਤੋਂ ਇਹ ਦੱਸਦੀ ਹੈ ਕਿ ਇਸਰਾਏਲੀ ਧਰਮ-ਤਿਆਗ ਤੋਂ ਆਗਿਆਕਾਰੀ ਦੀ ਵੱਲ ਮੁੜ ਆਏ ਸਨ। ਨਵੀਂ ਪੀੜ੍ਹੀ ਦੀ ਨਾ ਸਿਰਫ ਵੱਡੀ ਨਿਹਚਾ ਸੀ, ਪਰ ਉਨ੍ਹਾਂ ਨੇ ਪਿਛਲੀ ਪੀੜ੍ਹੀ ਨਾਲੋਂ ਜ਼ਿਆਦਾ ਸੰਪੂਰਣ ਆਗਿਆਕਾਰੀ ਵਿਖਾਈ ਸੀ। ਯਹੋਸ਼ੁਆ ਨੇ ਮੂਸਾ ਦੀ ਮੌਤ ਤੱਕ ਮੂਸਾ ਨਾਲ ਇਖ਼ਤਿਆਰ ਨੂੰ ਸਾਂਝਾ ਕੀਤਾ ਸੀ ਅਤੇ ਉਸ ਤੋਂ ਬਾਅਦ ਉਹ ਇਸਰਾਏਲ ਦਾ ਨਿਰਵਿਵਾਦ ਆਗੂ ਬਣ ਗਿਆ (ਬਿਵਸਥਾ ਸਾਰ 34:5, 9; ਯਹੋਸ਼ੁਆ 1:1, 2)।

ਪਰਮੇਸ਼ੁਰ ਨੇ ਆਪਣੀ ਪਰਜਾ ਦੇ ਲਈ ਧਰਮੀ ਆਗੂ ਦਿੱਤੇ ਸਨ - ਪਹਿਲਾਂ ਮੂਸਾ ਅਤੇ ਫਿਰ ਯਹੋਸ਼ੁਆ। ਹਰੇਕ ਕੋਲ ਉਸ ਦੀਆਂ ਆਪਣੀਆਂ ਪ੍ਰਤਿਭਾਵਾਂ ਅਤੇ ਪਰਮੇਸ਼ੁਰ ਦੀਆਂ ਦਿੱਤੀਆਂ ਹੋਈਆਂ ਜ਼ਿੰਮੇਵਾਰੀਆਂ ਸਨ। ਯਹੋਸ਼ੁਆ ਕਨਾਨ ਦੀ ਜਿੱਤ ਦੇ ਲਈ ਆਦਰਸ਼ ਦਲੇਰ ਆਗੂ ਸੀ।

## ਪ੍ਰਾਸੰਗਿਕਤਾ

### "ਮਸ਼ਾਲ ਨੂੰ ਅੱਗੇ ਸੌਂਪਣਾ" (ਅਧਿਆਇ 27)

ਆਗੂਆਂ ਨੂੰ ਅਗਵਾਈ ਦੀ ਮਸ਼ਾਲ ਜਵਾਨ ਪੀੜ੍ਹੀ ਨੂੰ ਸੌਂਪਣ ਦੀ ਮਹੱਤਤਾ ਨੂੰ ਸਮਝਣ ਦੀ ਲੋੜ ਹੈ। ਜਿਵੇਂ ਮੂਸਾ ਵੱਲੋਂ ਯਹੋਸ਼ੁਆ ਨੂੰ ਇਖ਼ਤਿਆਰ ਸੌਂਪਿਆ ਗਿਆ ਸੀ ਅਤੇ ਜਿਵੇਂ ਯਿਸੂ ਨੇ

ਉਸ ਕੰਮ ਨੂੰ ਅੱਗੇ ਜਾਰੀ ਰੱਖਣ ਦੇ ਲਈ ਰਸੂਲਾਂ ਨੂੰ ਇਖ਼ਤਿਆਰ ਦੇ ਕੇ ਭੇਜਿਆ ਸੀ, ਉਸੇ ਤਰ੍ਹਾਂ ਕਲੀਸੀਆ ਦੇ ਆਗੂਆਂ ਨੂੰ ਅਜਿਹੇ ਮਨੁੱਖਾਂ ਨੂੰ ਲੱਭਣ ਦੀ ਲੋੜ ਹੈ ਜਿਹੜੇ ਆਪਣੇ ਸਥਾਨ ਲੈਣ ਵਿਚ ਸਮਰੱਥ ਹੋਣ ਜਦੋਂ ਉਹ ਅੱਗੇ ਵੱਧਦੇ ਹਨ, ਸੇਵਾ ਮੁਕਤ ਹੁੰਦੇ ਹਨ ਜਾਂ ਗੁਜਰ ਜਾਂਦੇ ਹਨ। ਪੌਲੁਸ ਨੇ ਤਿਮੋਥਿਉਸ ਨੂੰ ਦੂਜਿਆਂ ਨੂੰ ਉਹ ਸਿੱਖਿਆ ਦੇਣ ਦੇ ਲਈ ਆਖਿਆ ਸੀ ਜੋ ਉਸ ਨੂੰ ਸਿਖਾਇਆ ਗਿਆ ਸੀ ਤਾਂ ਜੋ ਉਹ ਵੀ ਬਦਲੇ ਵਿਚ ਦੂਜਿਆਂ ਨੂੰ ਸਿਖਾਉਣ ਦੇ ਯੋਗ ਹੋਣ (2 ਤਿਮੋਥਿਉਸ 2:2)। ਮਨੁੱਖ ਜਿਨ੍ਹਾਂ ਨੂੰ ਪ੍ਰਭੂ ਦੀ ਕਲੀਸੀਆ ਦੇ ਕੰਮ ਨੂੰ ਅੱਗੇ ਜਾਰੀ ਰੱਖਣ ਦੇ ਲਈ ਚੁਣਿਆ ਗਿਆ ਸੀ ਉਨ੍ਹਾਂ ਨੂੰ ਯਹੋਸ਼ੁਆ ਦੇ ਵਾਂਗ (ਅਤੇ ਰਸੂਲਾਂ ਦੇ ਕਰਤੱਬ 6:3 ਦੇ ਮਨੁੱਖਾਂ ਦੇ ਵਾਂਗ) “ਆਤਮਾ ਨਾਲ ਭਰਪੂਰ” - ਪਵਿੱਤਰ ਆਤਮਾ ਦੁਆਰਾ ਪ੍ਰਭਾਵਿਤ, ਜਾਂ ਨਿਯੰਤ੍ਰਿਤ ਅਤੇ ਪਰਮੇਸ਼ੁਰ ਦੁਆਰਾ ਦਿੱਤੀ ਗਈ ਆਗੂ ਦੀ ਯੋਗਤਾ ਵਾਲੇ ਮਨੁੱਖ ਹੋਣਾ ਚਾਹੀਦਾ ਹੈ। ਇਕ ਵਾਰ ਜਦ ਉਹ ਚੁਣ ਲਏ ਜਾਂਦੇ ਹਨ, ਇਨ੍ਹਾਂ ਵਿਅਕਤੀਆਂ ਨੂੰ ਇਖ਼ਤਿਆਰ ਦਿੱਤਾ ਜਾਣਾ ਚਾਹੀਦਾ ਹੈ ਅਤੇ ਉਨ੍ਹਾਂ ਦੀ ਮੌਜੂਦਗੀ ਵਿਚ ਜਿਨ੍ਹਾਂ ਨੇ ਅਗਵਾਈ ਕਰਨੀ ਹੈ ਇਕ ਪਵਿੱਤਰ ਰਸਮ ਨਾਲ ਸੇਵਾ ਦੇ ਕੰਮ ਦੇ ਲਈ ਭੇਜਣਾ ਚਾਹੀਦਾ ਹੈ।

**ਗਿਣਤੀ 27 ਵਿਚ ਮਿਲਖ ਦੀ ਬਿਧੀ (27:1-11)**

27:1-11 ਵਿਚ ਮਿਲਖ ਦੀ ਬਿਧੀ ਬਾਰੇ ਘਟਨਾ ਉਨ੍ਹਾਂ ਸੱਚਾਈਆਂ ਨੂੰ ਪੇਸ਼ ਕਰਦੀ ਹੈ ਜੋ ਤਿੰਨ ਖੇਤਰਾਂ ਵਿਚ ਧਿਆਨ ਦੇਣ ਯੋਗ ਹਨ।

*ਇਹ ਔਰਤਾਂ ਦੇ ਹੱਕਾਂ ਬਾਰੇ ਨਹੀਂ ਸੀ।* ਸਲਾਫ਼ਹਾਦ ਦੀਆਂ ਧੀਆਂ ਅਤੇ ਉਨ੍ਹਾਂ ਦੀ ਮਿਲਖ ਦਾ ਵਿਰਤਾਂਤ ਨਾ ਤਾਂ ਪੂਰਨ ਤੌਰ ਤੇ ਨਾ ਹੀ ਮੁੱਖ ਤੌਰ ਤੇ ਔਰਤਾਂ ਦੇ ਹੱਕਾਂ ਦੇ ਬਾਰੇ ਹੈ। ਧੀਆਂ ਨੇ ਜੋ ਚਿੰਤਾ ਪਰਗਟ ਕੀਤੀ ਸੀ ਉਨ੍ਹਾਂ ਦੀ ਆਪਣੀ ਭਲਾਈ ਦੇ ਲਈ ਨਹੀਂ ਸੀ, ਪਰ ਉਨ੍ਹਾਂ ਦੇ ਪਿਤਾ ਦੇ ਸਨਮਾਨ ਲਈ ਸੀ। ਉਹ ਨਹੀਂ ਸੀ ਚਾਹੁੰਦੀਆਂ ਕਿ ਇਸਰਾਏਲ ਵਿਚ ਉਨ੍ਹਾਂ ਦੇ ਪਿਤਾ ਦੇ ਨਾਮ ਨੂੰ ਭੁਲਾ ਦਿੱਤਾ ਜਾਵੇ।

ਇਸ ਘਟਨਾ ਤੋਂ ਇਹ ਗੱਲ ਪਰਗਟ ਹੁੰਦੀ ਹੈ ਕਿ ਬਿਵਸਥਾ ਦੇ ਅਧੀਨ ਔਰਤਾਂ ਦੀ ਦੇਖਭਾਲ ਕਿਵੇਂ ਕੀਤੀ ਜਾਣੀ ਸੀ। ਜੇਕਰ ਇਕ ਧੀ ਦਾ ਕੋਈ ਭਰਾ ਹੁੰਦਾ ਸੀ, ਤਾਂ ਉਸ ਨੂੰ ਉਸ ਦੇ ਪਿਤਾ ਦੀ ਜ਼ਮੀਨ ਵਿੱਚੋਂ ਮਿਲਖ ਵਿਚ ਕੁਝ ਨਹੀਂ ਸੀ ਮਿਲਦਾ। ਪਰ, ਜਦੋਂ ਉਸ ਦਾ ਵਿਆਹ ਹੋ ਜਾਂਦਾ ਸੀ, ਪਿੱਤ੍ਰਵੰਸ਼ੀ ਸਮਾਜ ਵਿਚ (ਉਸ ਸਮਾਜ ਵਿਚ ਵੰਸ਼ਾਵਲੀ ਪਿਤਾ ਦੇ ਪਰਿਵਾਰ ਤੋਂ ਚੱਲਦੀ ਸੀ), ਉਹ ਆਪਣੇ ਪਤੀ ਦੇ ਪਰਿਵਾਰ ਦਾ ਹਿੱਸਾ ਬਣ ਜਾਂਦੀ ਸੀ, ਉਸ ਦੀ ਦੇਖਭਾਲ ਉਸ ਦੇ ਪਤੀ ਦੁਆਰਾ ਕੀਤੀ ਜਾਂਦੀ ਸੀ। ਦਰਅਸਲ, ਉਸ ਨੂੰ ਆਪਣੇ ਪਤੀ ਦੀ ਮਿਲਖ ਦੇ ਲਾਭ ਮਿਲਦੇ ਸਨ ਅਤੇ ਉਸ ਦੇ ਬੱਚੇ ਉਸ ਦੇ ਪਤੀ ਦੀ ਜਾਇਦਾਦ ਦੇ ਵਾਰਸ ਹੁੰਦੇ ਸਨ। ਉਸ ਦਾ ਪਿਤਾ ਉਸ ਨੂੰ ਦਾਜ ਵੀ ਦਿੰਦਾ ਸੀ, ਜਿਹੜਾ ਉਹ ਆਪਣੇ ਨਾਲ ਲੈ ਕੇ ਜਾਂਦੀ ਸੀ ਜਦੋਂ ਉਹ ਆਪਣੇ ਮਾਪਿਆਂ ਦੇ ਘਰੋਂ ਸਹੁਰੇ ਘਰ ਜਾਂਦੀ ਸੀ।[9] ਜੇਕਰ ਉਸ ਦਾ ਕੋਈ ਭਰਾ ਨਹੀਂ ਸੀ ਹੁੰਦਾ, ਸਲਾਫ਼ਹਾਦ ਦੀਆਂ ਧੀਆਂ ਦੇ ਮਾਮਲੇ ਵਿਚ ਫ਼ੈਸਲਾ ਇਸ ਗੱਲ ਤੇ ਨਿਰਧਾਰਤ ਕੀਤਾ ਗਿਆ ਸੀ ਕਿ ਉਹ ਆਪਣੇ ਪਿਤਾ ਦੀ ਮਿਲਖ ਦੀਆਂ ਅਧਿਕਾਰੀ ਹੋਣਗੀਆਂ ਅਤੇ ਉਨ੍ਹਾਂ ਨੂੰ ਉਸ ਜ਼ਮੀਨ ਦੇ ਲਾਭ ਮਿਲਣਗੇ ਜੋ ਉਨ੍ਹਾਂ ਦੇ ਪਿਤਾ ਦੀ ਸੀ। (ਇਸ ਬਿਧੀ ਵਿਚ ਅੱਗੇ ਜਾ ਕੇ ਅਧਿਆਇ 36 ਵਿਚ ਸੋਧ ਕੀਤਾ ਗਿਆ ਸੀ।) ਬਿਧੀ ਵਿਚ ਬਦਲਾਅ ਦਾ ਇਕ ਨਤੀਜਾ ਇਹ ਸੀ ਕਿ ਇਸਰਾਏਲ ਵਿਚ ਔਰਤਾਂ ਜ਼ਮੀਨ ਦੀਆਂ ਅਧਿਕਾਰੀ ਅਤੇ ਮਾਲਕ ਬਣ ਸਕਦੀਆਂ ਸਨ।[10]

ਸ਼ਾਇਦ ਸਲਾਫ਼ਹਾਦ ਦੀਆਂ ਧੀਆਂ ਦੀ ਬੇਨਤੀ ਬਾਰੇ ਸਭ ਤੋਂ ਦਿਲਚਸਪ ਗੱਲ ਇਹ ਹੈ ਕਿ ਉਹ “ਨੇੜੇ ਆਈਆਂ”: ਉਨ੍ਹਾਂ ਨੂੰ ਮੂਸਾ ਅਤੇ ਅਲਆਜ਼ਾਰ ਅਤੇ “ਪਰਧਾਨਾਂ ਅਤੇ ਸਾਰੀ

ਮੰਡਲੀ ਦੇ ਅੱਗੇ ਤੰਬੂ ਦੇ ਦਰਵੱਜੇ" ਕੋਲ ਜਾਣ ਦਿੱਤਾ ਗਿਆ (27:1, 2)। ਸੰਭਵ ਤੌਰ ਤੇ, ਪਹਿਲਾਂ ਉਹ ਆਪਣੇ ਇਸ ਮਾਮਲੇ ਨੂੰ "ਹੇਠਲੀ ਅਦਾਲਤ" ਦੇ ਕੋਲ ਲੈ ਕੇ ਗਈਆਂ ਸਨ, ਪਰ ਉੱਥੇ ਉਨ੍ਹਾਂ ਨੂੰ ਕੋਈ ਨਿਆਂ ਨਹੀਂ ਸੀ ਮਿਲਿਆ (ਵੇਖੋ ਕੂਚ 18:21-26)। ਇਸ ਹਵਾਲੇ ਵਿਚ, "ਮੰਡਲੀ ਦੇ ਤੰਬੂ ਦਾ ਦਰਵਾਜਾ" ਉਹ ਥਾਂ ਸੀ ਜਿੱਥੇ ਉਨ੍ਹਾਂ ਲੋਕਾਂ ਦੀ ਸੁਣਵਾਈ ਹੁੰਦੀ ਸੀ ਜੋ ਆਪਣੀਆਂ ਸ਼ਿਕਾਇਤਾਂ ਲੈ ਕੇ ਆਉਂਦੇ ਸਨ। ਇਸਰਾਏਲੀਆਂ ਦੇ ਦੇਸ ਵਿਚ ਵੱਸਣ ਤੋਂ ਬਾਅਦ, ਸ਼ਹਿਰ ਦੀ ਡੇਉੜ੍ਹੀ ਉਹ ਥਾਂ ਸੀ ਜਿੱਥੇ ਆਗੂ ਅਦਾਲਤੀ ਮਾਮਲਿਆਂ ਦੀ ਸੁਣਵਾਈ ਕਰਦੇ ਸਨ (ਵੇਖੋ ਰੂਥ 4:1-12; ਕਹਾਉਤਾਂ 31:23)। ਇਨ੍ਹਾਂ ਔਰਤਾਂ ਨੂੰ ਦੇਸ ਦੀ ਉੱਚ ਅਦਾਲਤ ਦੇ ਸਾਹਮਣੇ ਆਪਣੀਆਂ ਸ਼ਿਕਾਇਤਾਂ ਲੈ ਕੇ ਜਾਣ ਦਾ ਪੂਰਾ ਹੱਕ ਸੀ, ਇਕ ਤੱਥ ਜੋ ਇਹ ਵਿਖਾਉਂਦਾ ਹੈ ਕਿ ਇਸਰਾਏਲ ਵਿਚ ਔਰਤਾਂ ਨੂੰ ਬਾਕੀ ਲੋਕਾਂ ਜਿੰਨਾ ਹੀ ਮਹੱਤਵਪੂਰਣ ਸਮਝਿਆ ਜਾਂਦਾ ਸੀ।

*ਇਹ ਪਰਮੇਸ਼ੁਰ ਦੇ ਪਰਕਾਸ਼ ਬਾਰੇ ਸੀ।* ਇਹ ਵਿਰਤਾਂਤ ਕਿਸੇ ਅਜਿਹੀ ਚੀਜ਼ ਬਾਰੇ ਦੱਸਦਾ ਹੈ ਕਿ ਕਿਵੇਂ ਪਰਮੇਸ਼ੁਰ ਨੇ ਇਸਰਾਏਲ ਤੇ ਆਪਣੀ ਬਿਧੀ ਪਰਗਟ ਕੀਤੀ ਸੀ। ਸਾਰੀਆਂ ਬਿਧੀਆਂ ਸੀਨਈ ਪਰਬਤ ਤੇ ਨਹੀਂ ਸੀ ਦਿੱਤੀਆਂ ਗਈਆਂ। ਬਲਕਿ, ਜਿਵੇਂ ਇਹ ਮਾਮਲਾ ਉਦਾਹਰਣ ਦਿੰਦਾ ਹੈ, ਜਦੋਂ ਸਵਾਲ ਉੱਠਿਆ ਅਤੇ ਮਸਲੇ ਨੂੰ ਉਨ੍ਹਾਂ ਬਿਧੀਆਂ ਦੁਆਰਾ ਨਹੀਂ ਸੀ ਢੱਕਿਆ ਗਿਆ ਜੋ ਮੂਸਾ ਨੂੰ ਦਿੱਤੀਆਂ ਗਈਆਂ ਸਨ, ਪਰਮੇਸ਼ੁਰ ਨੇ ਉਨ੍ਹਾਂ ਮੁੱਦਿਆਂ ਨੂੰ ਸੁਲਝਾਉਣ ਦੇ ਲਈ ਵਾਧੂ ਪਰਕਾਸ਼ ਦਿੱਤੇ ਸਨ (ਵੇਖੋ ਲੇਵੀਆਂ 24:10-23; ਗਿਣਤੀ 9:1-14; 15:32-36)। ਇਹ ਬਿਧੀਆਂ ਨੇ ਫਿਰ ਅੱਗੇ ਆਉਣ ਵਾਲੀਆਂ ਪੀੜ੍ਹੀਆਂ ਦੇ ਲਈ ਕਾਨੂੰਨੀ ਉਦਾਹਰਣਾਂ ਦੇ ਤੌਰ ਤੇ ਕੰਮ ਕੀਤਾ ਸੀ।[11]

*ਇਹ ਪਰਮੇਸ਼ੁਰ ਦੇ ਵਾਅਦੇ ਵਿਚ ਨਿਹਚਾ ਬਾਰੇ ਸੀ।* ਧੀਆਂ ਦੀ ਬੇਨਤੀ ਉਨ੍ਹਾਂ ਦੇ ਵਿਸ਼ਵਾਸ ਨੂੰ ਦਰਸਾਉਂਦੀ ਸੀ ਕਿ ਇਸਰਾਏਲ ਉਸ ਧਰਤੀ ਉੱਤੇ ਜਿੱਤ ਹਾਸਲ ਕਰੇਗਾ, ਉਸ ਧਰਤੀ ਤੇ ਕਬਜ਼ਾ ਕਰੇਗਾ ਅਤੇ ਉਸ ਧਰਤੀ ਨੂੰ ਵੰਡੇਗਾ ਜੋ ਪਰਮੇਸ਼ੁਰ ਨੇ ਉਨ੍ਹਾਂ ਨੂੰ ਦੇਣ ਦਾ ਵਾਅਦਾ ਕੀਤਾ ਸੀ। ਉਨ੍ਹਾਂ ਦੀ ਨਿਹਚਾ, ਜੋ ਸੰਭਵ ਤੌਰ ਤੇ ਉਨ੍ਹਾਂ ਦੀ ਪੀੜ੍ਹੀ ਦੁਆਰਾ ਸਾਂਝੀ ਕੀਤੀ ਗਈ ਸੀ, ਉਸ ਨਿਹਚਾ ਦੀ ਘਾਟ ਨਾਲ ਤੁਲਨਾ ਕਰਦੀ ਹੈ ਜੋ ਲਗਭਗ ਚਾਲੀ ਸਾਲ ਪਹਿਲਾਂ ਕਾਦੇਸ਼ ਵਿਚ ਉਨ੍ਹਾਂ ਦੇ ਮਾਪਿਆਂ ਦੁਆਰਾ ਵਿਖਾਈ ਗਈ ਸੀ।

---

## ਟਿੱਪਣੀਆਂ

[1]ਟੀ. ਕਾਰਸਨ "ਗਿਣਤੀ" *ਦ ਨਿਊ ਲੇਅਮੈਨਸ ਬਾਈਬਲ ਕਮੈਂਟਰੀ ਇਨ ਵੱਨ ਵੋਲੁਅਮ*, ਸੰਪਾ. ਜੀ. ਸੀ. ਡੀ. ਹਾਉਲੀ, ਐਫ. ਐਫ. ਬਰੂਸ ਅਤੇ ਐਚ. ਐਲ. ਐਲੀਸਨ (ਗਰੈਂਡ ਰੈਪਿਡਸ, ਮਿਸ਼ੀਗਨ: ਜ਼ੋਂਡੇਰਵਨ, 1979) ਵਿਚ ਸਫ਼ਾ 275 ਤੇ। [2]ਅਧਿਆਇ 26 ਵਿਚ ਦੂਜੀ ਗਿਣਤੀ ਦੇ ਸੰਬੰਧ ਵਿਚ ਧਰਤੀ ਦੀ ਵੰਡ ਦਾ ਜ਼ਿਕਰ ਕੀਤਾ ਗਿਆ ਸੀ। [3]ਕੈਥਰੀਨ ਕਲਾਰਕ ਕਰੋਗਰ ਅਤੇ ਮੈਰੀ ਜੇ. ਈਵੈਂਸ, ਸੰਪਾ, *ਦ ਆਈਵੀਪੀ ਵੂਮੈਂਨਜ ਬਾਈਬਲ ਕਮੈਂਟਰੀ* (ਡਾਊਨਰਸ ਗਰੋਵ, ਇਲੀਨੋਇਸ: ਇੰਟਰਵਰਸਿਟੀ ਪ੍ਰੈਸ, 2002), 81. [4]*ਦ ਨਿਊ ਵੈਸਟਮਿੰਸਟਰ ਡਿਕਸ਼ਨਰੀ ਆਫ਼ ਦ ਬਾਈਬਲ* (ਫਿਲਾਡੈਲਫੀਆ: ਵੈਸਟਮਿੰਸਟਰ ਪ੍ਰੈਸ, 1970) ਵਿਚ ਸਫ਼ਾ 655 ਤੇ ਹੈਨਰੀ ਸਨਾਈਡਰ ਗੈਹਮਨ ਦੀ ਪੁਸਤਕ "ਨਬੋ।" [5]ਟਿਮੋਥੀ ਆਰ. ਐਸ਼ਲੀ ਦੀ ਪੁਸਤਕ ਦ ਨਿਊ ਇੰਟਰਨੈਸ਼ਨਲ ਕਮੈਂਟਰੀ ਆਨ ਦਿ ਓਲਡ ਟੈਸਟਾਮੈਂਟ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1993) ਵਿਚ ਸਫ਼ਾ 551 ਤੇ *ਗਿਣਤੀ ਦੀ ਪੁਸਤਕ* ਹੈ। [6]ਰੋਨਲਡ ਬੀ. ਐਲਨ "ਗਿਣਤੀ," *ਦਿ ਇਕਸਪੋਜੀਟਰਸ ਬਾਈਬਲ ਕਮੈਂਟਰੀ*, ਜਿਲਦ 2, *ਉਤਪਤ-ਗਿਣਤੀ*, ਸੰਪਾ. ਫਰੈਂਕ ਈ. ਗਾਬਲੀਨ (ਗਰੈਂਡ ਰੈਪਿਡਸ, ਮਿਸ਼ੀਗਨ: ਜ਼ੋਂਡੇਰਵਨ ਪਬਲਿਸ਼ਿੰਗ ਹਾਊਸ, 1990) ਵਿਚ ਸਫ਼ਾ 946 ਤੇ ਹੈ। [7]ਕੋਏ ਰੋਪਰ, *ਕੂਚ,* ਟਰੁੱਥ ਫ਼ਾਰ ਟੂਡੇ ਕਮੈਂਟਰੀ (ਸਰਸੀ, ਆਰਕੈਨਸਸ: ਰੀਸੋਰਸ ਪਬਲੀਕੇਸ਼ਨਜ਼, 2008), 462. [8]ਆਰ. ਕੇ. ਹੈਰੀਸਨ, *ਗਿਣਤੀ: ਐਨ ਐਕਸਜੈਟੀਕਲ ਕਮੈਂਟਰੀ* (ਗਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਬੁਕ ਹਾਊਸ, 1992), 359. [9]ਕੀਮਤੀ ਦਾਜਾਂ ਦੀਆਂ ਉਦਾਹਰਣਾਂ ਦੇ ਲਈ ਉਤਪਤ 29:24, 29; ਨਿਆਈਆਂ 1:13-

**15 ਅਤੇ 1 ਰਾਜਿਆਂ 9:16 ਵੇਖੋ। [10]ਉਦਾਹਰਣ ਦੇ ਲਈ, ਕਹਾਉਤਾਂ 31 ਦੀ "ਪਤਵੰਤ ਇਸਤ੍ਰੀ" ਜਿਹੜੀ "ਸੋਚ ਵਿਚਾਰ ਕੇ ਕਿਸੇ ਖੇਤ ਨੂੰ ਮੁੱਲ ਲੈਂਦੀ ਹੈ" (ਕਹਾਉਤਾਂ 31:16)।**

**[11]ਗੋਰਡਨ ਜੇ. ਵੈਨਹਮ, *ਗਿਣਤੀ*, ਦਿ ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀਜ (ਡਾਊਨਰਸ ਗਰੋਵ, ਇਲੀਨੋਇਸ: ਇੰਟਰ-ਵਰਸਿਟੀ ਪ੍ਰੈਸ, 1981) ਵਿਚ ਸਫ਼ਾ 192 ਤੇ ਹੈ।**